## ਦਫਤਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ,

## ਜਿਲ੍ਹਾ ਕਚਹਿਰੀਆਂ ਕੰਪਲੈਕਸ, ਮੋਗਾ (ਫੋਨ ਨੰਬਰ 01636-235864)

## <u>ਪਬਲਿਕ ਨੋਟਿਸ</u>

ਕੌਮੀ ਕਾਨੂੰਨੀ ਸੇਵਾਵਾਂ ਅਥਾਰਟੀ, ਨਵੀਂ ਦਿੱਲੀ ਦੀ ਸੋਧੀ (Revised) ਪੈਰਾ ਲੀਗਲ ਵਲੰਟੀਅਰ ਸਕੀਮ ਤਹਿਤ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, **ਮੋਗਾ** ਲਈ ਸਵੈ-ਇੱਛਾ (Volunterly) ਨਾਲ ਕੰਮ ਕਰਨ ਦੇ ਚਾਹਵਾਨ, ਜਿਲ੍ਹਾ **ਮੋਗਾ** ਦੇ ਸ਼ਹਿਰੀ ਅਤੇ ਪੇਂਡੂ ਇਲਾਕਿਆਂ ਦੇ ਪੱਕੇ ਵਸਨੀਕ, ਪੜ੍ਹੇ-ਲਿਖੇ, ਯੋਗ ਅਤੇ ਸਮਾਜ ਸੇਵਾ ਦੀ ਭਾਵਨਾ ਰੱਖਣ ਵਾਲੇ ਵਿਅਕਤੀਆਂ ਵਿੱਚੋਂ ਯੋਗ 45 Para Legal Volunteers ਦੀ ਚੋਣ ਕੀਤੀ ਜਾਣੀ ਹੈ। ਘੱਟੋ-ਘੱਟ ਦਸਵੀਂ ਪਾਸ ਜਾਂ ਇਸ ਤੋਂ ਵੱਧ ਪੜ੍ਹੇ-ਲਿਖੇ ਹੇਠ ਦਰਸਾਈਆਂ ਗਈਆਂ ਕੈਟਾਗਰੀਆਂ ਨਾਲ ਸਬੰਧਤ ਅਜਿਹੇ ਵਿਅਕਤੀ ਜੋ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, **ਮੋਗਾ** ਜਾਂ ਉਪ ਮੰਡਲ ਪੱਧਰੀ ਕਾਨੂੰਨੀ ਸੇਵਾਵਾਂ ਕਮੇਟੀਆਂ- **ਬਾਘਾਪੁਰਾਣਾ** ਅਤੇ **ਨਿਹਾਲ ਸਿੰਘ ਵਾਲਾ** ਲਈ ਸਵੈ-ਇੱਛਾ ਨਾਲ ਬਤੌਰ ਪੈਰਾ ਲੀਗਲ ਵਲੰਟੀਅਰ ਕੰਮ ਕਰਨ ਦੇ ਚਾਹਵਾਨ ਹੋਣ, ਆਪਣੀ ਦਰਖਾਸਤ ਨਾਲ ਨੱਥੀ ਨਿਰਧਾਰਤ ਪ੍ਰੋਫਾਰਮੇ ਵਿੱਚ ਭਰਕੇ ਮਿਤੀ **29.05.2025** ਸ਼ਾਮ 05:00 ਵਜੇ ਤੱਕ ਸਕੱਤਰ, ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, **ਮੋਗਾ** ਦੇ ਦਫਤਰ ਵਿੱਚ ਦੇ ਸਕਦੇ ਹਨ:-

* Teachers (including retired teachers)
* Retired Government servants and senior citizens.
* M.S.W. students and teachers.
* Anganwadi Workers
* Doctors/Physicians
* Students & Law Students (till they enroll as lawyers)]'/
* Members of non-political, service oriented NGOs and Clubs.
* Members of Women Neighborhood Groups, Maithri Sanghams and other Self Help Groups including of marginalized/vulnerable groups.
* Educated prisoners with good behaviour, serving long term sentences in prisons.
* Any other person who is interested for Social Service.

ਇਹ ਸਪਸ਼ਟ ਕੀਤਾ ਜਾਂਦਾ ਹੈ ਕਿ ਪੈਰਾ ਲੀਗਲ ਵਲੰਟੀਰਜ਼ ਵੱਜੋਂ ਚੁਣੇ ਗਏ ਵਿਅਕਤੀਆਂ ਨੂੰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, **ਮੋਗਾ** ਵੱਲੋਂ 400/- **ਰੁਪੈ** ਮਾਣ-ਭੱਤੇ (Honorarium) ਤੋਂ ਇਲਾਵਾ ਕਿਸੇ ਕਿਸਮ ਦੀ ਤਨਖਾਹ (Salary) ਜਾਂ ਮਿਹਨਤਾਨੇ (Remuneration) ਜਾਂ ਉਜਰਤਾਂ (Wages) ਦੀ ਅਦਾਇਗੀ ਨਹੀਂ ਕੀਤੀ ਜਾਵੇਗੀ ਅਤੇ ਕੇਵਲ ਕੰਮ ਵਾਲੇ ਦਿਨ ਦੀ ਨਿਯਮਾਂ ਅਨੁਸਾਰ **ਬਣਦੇ** ਮਾਣ-ਭੱਤੇ (Honorarium) ਦੀ ਅਦਾਇਗੀ ਕੀਤੀ ਜਾਵੇਗੀ । ਪੈਨਲ ਲਈ ਚੁਣੇ ਗਏ ਵਿਅਕਤੀਆਂ ਨੂੰ ਸਮੇਂ-ਸਮੇਂ ਲੋੜ ਅਨੁਸਾਰ ਜਿਲ੍ਹਾ ਕਾਨੂੰਨੀ ਸੇਵਾਵਾਂ ਅਥਾਰਟੀ, **ਮੋਗਾ** ਜਾਂ ਉਪ ਮੰਡਲ ਪੱਧਰੀ ਕਾਨੂੰਨੀ ਸੇਵਾਵਾਂ ਕਮੇਟੀਆਂ-**ਬਾਘਾਪੁਰਾਣਾ** ਅਤੇ **ਨਿਹਾਲ ਸਿੰਘ ਵਾਲਾ** ਦੀਆਂ ਵੱਖ-ਵੱਖ ਗਤੀਵਿਧੀਆਂ ਲਈ ਕੰਮ ਸੌਂਪੇ ਜਾ ਸਕਦੇ ਹਨ ।

**ਵਿਸ਼ੇਸ਼ ਨੋਟ :- ਅਪਲਾਈ ਕਰਨ ਵਾਲੇ ਉਮੀਦਵਾਰ ਦੇ ਖਿਲਾਫ ਕਿਸੇ ਵੀ ਨਿਆਂਇਕ ਅਦਾਲਤ ਵਿੱਚ ਕੋਈ ਸਿਵਲ ਜਾਂ ਫੌਜਦਾਰੀ ਕੇਸ ਲੰਬਤ ਨਹੀਂ ਹੋਣਾ ਚਾਹੀਦਾ ਅਤੇ ਨਾ ਹੀ ਉਮੀਦਵਾਰ ਨੂੰ ਕਿਸੇ ਕੇਸ ਵਿੱਚ ਕਿਸੇ ਨਿਆਂਇਕ ਅਦਾਲਤ ਵੱਲੋਂ ਕਦੇ ਕੋਈ ਸਜ਼ਾ ਸੁਣਾਈ ਗਈ ਹੋਵੇ।**

ਮਿਤੀ:

ਸਹੀ/-
ਜਿਲਾ ਤੇ ਸੈਸ਼ਨ ਜੱਜ-ਕਮ –ਚੇਅਰਮੈਨ,
ਜਿਲਾ ਕਾਨੂੰਨੀ ਸੇਵਾਵਾਂ ਅਥਾਰਟੀ,
ਮੋਗਾ।

# <u>ਪੈਰਾ ਲੀਗਲ ਵਲੰਟੀਅਰ ਬਣਨ ਲਈ ਦਰਖਾਸਤ ਭੇਜਣ ਲਈ ਪ੍ਰੋਫਾਰਮਾ</u>

ਇੱਥੇ ਫੋਟੋ ਲਗਾਈ ਜਾਵੇ

1. ਨਾਮ :____________________
2. ਪਿਤਾ/ਪਤੀ ਦਾ ਨਾਮ :____________________
3. ਉਮਰ :____________________
4. ਕੈਟਾਗਰੀ (SC/ST/BC/Minority) :____________________
5. ਘਰ ਦਾ ਪੱਕਾ ਪਤਾ :______________________

   ______________________

6. ਪੱਤਰ-ਵਿਹਾਰ ਲਈ ਪਤਾ :______________________

   ______________________

7. ਵਿਦਿਅਕ ਯੋਗਤਾਵਾਂ :______________________
8. ਕੰਮ ਦਾ ਖੇਤਰ :______________________
9. ਤਜ਼ਰਬਾ (ਜੇਕਰ ਕੋਈ ਹੋਵੇ) :_____________________

   :______________________

10. ਕਿੱਥੇ ਕੰਮ ਕਰਨ ਦੇ ਇੱਛੁਕ ਹੋ (ਜਿਲ੍ਹਾ ਪੱਧਰ ਤੇ/ਉਪ ਮੰਡਲ ਪੱਧਰ ਤੇ/ ਪਿੰਡ ਪੱਧਰ ਤੇ) :______________________
11. ਮੋਬਾਇਲ ਨੰਬਰ (Mandatory) :______________________
12. ਈ.ਮੇਲ ਆਈ.ਡੀ. :______________________

Declaration: **ਮੈਂ** ਇਸ਼ਤਿਹਾਰ/ਨੋਟਿਸ ਦੇ ਨਿਯਮ ਅਤੇ ਸ਼ਰਤਾਂ ਪੜ੍ਹ ਲਈਆਂ ਹਨ ਅਤੇ **ਮੈਂ** ਇਸ ਨਾਲ ਸਹਿਮਤ ਹਾਂ। **ਮੈਂ** ਇਥੇ ਇਹ ਦੱਸਦਾ/ਦੱਸਦੀ ਹਾਂ ਕਿ ਉਪਰੋਕਤ ਵੇਰਵੇ ਮੇਰੀ ਜਾਣਕਾਰੀ ਅਨੁਸਾਰ ਸਹੀ ਅਤੇ ਸੱਚ ਹਨ ਅਤੇ ਇਸ ਵਿੱਚ **ਮੈਂ** ਕੁਝ ਵੀ ਛੁਪਾਇਆ ਨਹੀਂ ਹੈ ਅਤੇ ਜੇਕਰ ਇਹ ਗਲਤ ਪਾਇਆ ਜਾਂਦਾ ਹੈ ਤਾਂ ਮੇਰੀ ਉਮੀਦਵਾਰੀ / ਅਰਜੀ ਬਿਨਾਂ ਸੂਚਨਾ ਕੀਤੇ ਰੱਦ ਕੀਤੀ ਜਾ ਸਕਦੀ ਹੈ। ਮੈਂ ਐਲਾਨ ਕਰਦਾ/ਕਰਦੀ ਹਾਂ ਕਿ **ਮੇਰੇ** ਖਿਲਾਫ ਕਿਸੇ ਵੀ ਨਿਆਂਇਕ ਅਦਾਲਤ ਵਿੱਚ ਕੋਈ ਸਿਵਲ ਜਾਂ ਫੌਜਦਾਰੀ ਕੇਸ ਲੰਬਤ ਨਹੀਂ **ਹੈ ਅਤੇ ਨਾ ਹੀ ਮੈਨੂੰ** ਕਿਸੇ ਕੇਸ ਵਿੱਚ ਕਿਸੇ ਨਿਆਂਇਕ ਅਦਾਲਤ ਵੱਲੋਂ ਕਦੇ ਕੋਈ ਸਜ਼ਾ ਸੁਣਾਈ ਗਈ **ਹੈ।**

ਉਮੀਦਵਾਰ ਦੇ ਦਸਤਖਤ